# ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
## ਐਸ.ਸੀ.ਓ ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

ਫੋਨ ਨੰ: 0172-5015874, ਫੈਕਸ ਨੰ: 0172-2624687

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ)
ਪੰਜਾਬ।

ਮੀਮੋ ਨੰ : ਐਸ.ਐਸ.ਏ/ਕੋਆਰਡੀਨੇਸ਼ਨ/2013/3615-17
ਮਿਤੀ,ਚੰਡੀਗੜ੍ਹ: 19/2/2013

ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵਿਦਾਇਗੀ ਸਮਾਰੋਹ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

1.0 ਅੱਜ-ਕਲ੍ਹ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ ਕਰਵਾਏ ਜਾ ਰਹੇ ਹਨ। ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਇਹਨਾਂ ਸਮਾਰੋਹਾਂ ਦੌਰਾਨ ਉੱਚੀ ਆਵਾਜ ਵਿੱਚ ਡੀ.ਜੇ. ਚਲਾਇਆ ਜਾਂਦਾ ਹੈ ਅਤੇ ਗੈਰ ਸਭਿਅਕ ਗੀਤ ਚਲਾਏ ਜਾਂਦੇ ਹਨ, ਜਿਸ ਦਾ ਸਕੂਲੀ ਵਿਦਿਆਰਥੀਆਂ ਦੇ ਮਨਾਂ ਤੇ ਉਲਟ ਅਸਰ ਪੈਂਦਾ ਹੈ।

2.0 ਵਿਦਿਅਕ ਸੰਸਥਾਵਾਂ ਦੀ ਪਵਿਤਰਤਾ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਲਿਖਿਆ ਜਾਂਦਾ.ਹੈ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵਿਦਾਇਗੀ ਸਮਾਰੋਹਾਂ ਨੂੰ ਸਮਾਜਿਕ ਸੰਸਕਾਰਾਂ ਦੇ ਮਿਆਰ ਨੂੰ ਧਿਆਨ ਵਿੱਚ ਰੱਖਦੇ ਹੋਏ ਸਭਿਆਚਾਰਕ ਪ੍ਰੋਗਰਾਮਾਂ ਤੱਕ ਸੀਮਿਤ ਰੱਖਿਆ ਜਾਵੇ ਤਾਂ ਜੋ ਅਜਿਹੇ ਸਭਿਅਕ ਸਮਾਗਮ ਵਿਦਿਆਰਥੀਆਂ ਦੀ ਆਉਣ ਵਾਲੀ ਜਿੰਦਗੀ ਲਈ ਚੰਗੀ ਯਾਦ ਵੱਜੋਂ ਉਹਨਾਂ ਦੇ ਚੇਤਿਆਂ ਵਿੱਚ ਸਾਂਭੇ ਜਾ ਸਕਣ।

3.0 ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ ਉਪ ਜਿਲ੍ਹਾ ਸਿੱਖਿਆ ਅਫ਼ਸਰ ਸਮੇਤ ਨਿਰੀਖਣ ਟੀਮਾਂ ਇਹ ਗੱਲ ਯਕੀਨੀ ਬਨਾਉਣ ਕਿ ਕਿਸੇ ਵੀ ਸਕੂਲ ਵਿੱਚ ਇਹਨਾਂ ਸਮਾਰੋਹਾਂ ਵਿੱਚ ਅਜਿਹੇ ਲੱਚਰ ਕਿਸਮ ਦੇ ਗਾਣੇ ਅਤੇ ਭੜਕਾਊ ਕਿਸਮ ਦੇ ਨਾਚ ਵਗੈਰਾ ਨਾ ਹੋਣ ਜੋ ਕਿ ਸਕੂਲਾਂ ਦੇ ਵਿਦਿਅਕ ਮਾਹੌਲ ਦੇ ਖਿਲਾਫ਼ ਹੋਣ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਉਤਾਰਾ: ੳ੨੩

1. ਮੰਡਲ ਸਿੱਖਿਆ ਅਫ਼ਸਰ ਨਾਭਾ, ਜਲੰਧਰ ਅਤੇ ਫਰੀਦਕੋਟ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ